# Empower Me

ਇਮਪਾਵਰ ਮੀ (*Empower Me*) ਸਿੱਖਿਆ ਦੇਣ ਵਾਲਾ ਅਤੇ ਐਨਰਜੀ ਬਚਾਉਣ ਵਾਲਾ ਇਕ ਮੁਫਤ ਪ੍ਰੋਗਰਾਮ ਹੈ ਜਿਹੜਾ ਵੰਨ-ਸੁਵੰਨੇ ਅਤੇ ਬਹੁਭਾਸ਼ਾਈ ਭਾਈਚਾਰਿਆਂ ਦੀ ਐਨਰਜੀ ਬਚਾਉਣ, ਪੈਸੇ ਬਚਾਉਣ ਵਿਚ ਮਦਦ ਕਰਦਾ ਹੈ ਅਤੇ ਉਨ੍ਹਾਂ ਦੇ ਘਰਾਂ ਦੇ ਸੁੱਖ ਅਤੇ ਸੁਰੱਖਿਆ ਵਿਚ ਸੁਧਾਰ ਕਰਦਾ ਹੈ।

## ਇਮਪਾਵਰ ਮੀ ਨਿਊ ਵੈਸਟਮਿੰਸਟਰ ਵਿਚ ਵੰਨ-ਸੁਵੰਨੇ , ਬਹੁਭਾਸ਼ਾਈ, ਅਤੇ ਪਹੁੰਚ ਤੋਂ ਪਰੇ ਭਾਈਚਾਰਿਆਂ ਨੂੰ ਐਨਰਜੀ ਬਚਾਉਣ ਬਾਰੇ ਸਿੱਖਿਆ ਅਤੇ ਮਦਦ ਪ੍ਰਦਾਨ ਕਰੇਗਾ।



ਸੂਬੇ ਭਰ ਵਿਚ, ਇਹ ਜਾਣਿਆ ਜਾਂਦਾ ਹੈ ਕਿ ਬਹੁਭਾਸ਼ਾਈ ਅਤੇ ਬਹੁਸਭਿਆਚਾਰਕ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਖ ਵੱਖ ਰੁਕਾਵਟਾਂ ਕਰਕੇ ਐਨਰਜੀ ਬਚਾਉਣ ਦੇ ਪ੍ਰੋਗਰਾਮ ਵਿਚ ਸ਼ਮੂਲੀਅਤ ਬਹੁਤ ਘੱਟ ਹੁੰਦੀ ਹੈ ਜਿਨ੍ਹਾਂ ਰੁਕਾਵਟਾਂ ਵਿਚ ਬੋਲੀ, ਭਰੋਸੇ, ਅਤੇ ਸਭਿਆਚਾਰ ਦੇ ਫਰਕ ਸ਼ਾਮਲ ਹਨ।

ਇਮਪੌਂਵਰ ਮੀ ਜੋ ਕਿ ਵੰਨ-ਸੁਵੰਨੇ ਭਾਈਚਾਰਿਆਂ ਵਲੋਂ ਤਿਆਰ ਅਤੇ ਪ੍ਰਦਾਨ ਕੀਤਾ ਗਿਆ ਹੈ, ਐਨਰਜੀ ਬਚਾਉਣ ਲਈ ਮੁਫਤ ਸਿਖਿਆ ਅਤੇ ਟਰੇਨਿੰਗ ਦੇਣ ਵਾਲਾ ਪ੍ਰੋਗਰਾਮ ਹੈ ਜੋ ਕਿ ਉਨ੍ਹਾਂ ਭਾਈਚਾਰਿਆਂ ਦੀ ਐਨਰਜੀ ਅਤੇ ਪੈਸੇ ਬਚਾਉਣ ਵਿਚ ਮਦਦ ਕਰ ਸਕਦਾ ਹੈ ਅਤੇ ਉਨ੍ਹਾਂ ਦੇ ਘਰਾਂ ਦੇ ਸੁੱਖ ਅਤੇ ਸੁਰੱਖਿਆ ਵਿਚ ਵਾਧਾ ਕਰ ਸਕਦਾ ਹੈ।

ਸਿਟੀ ਔਫ ਨਿਊ ਵੈੱਸਟਮਿਨਸਟਰ ਦੇ ਇਮੀਗਰਾਂਟ ਵਸਨੀਕਾਂ ਦੀ ਕੁੱਲ ਆਬਾਦੀ 35% ਹੋਣ ਨਾਲ (ਮਰਦਮਸ਼ੁਮਾਰੀ 2016), ਊਰਜਾ ਬਚਾਓ ਨਿਊ ਵੈਸਟ (Energy Save New West) ਨੂੰ ਆਪਣੀ ਸਥਾਨਕ ਕਮਿਉਨਟੀ ਲਈ ਇਮਪੌਂਵਰ ਮੀ ਨੂੰ ਸ਼ਾਮਲ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ। ਇਮਪੌਂਵਰ ਮੀ ਨਾਲ ਰਲ ਕੇ ਸਿਟੀ ਇਕ ਨਵਾਂ ਪ੍ਰੋਗਰਾਮ ਪ੍ਰਦਾਨ ਕਰੇਗਾ ਜੋ ਕਿ ਸਾਡੇ ਪਹੁੰਚ ਤੋਂ ਪਰੇ ਗਰੁੱਪਾਂ ਦੇ ਭਰੋਸੇਯੋਗ ਮੈਂਬਰਾਂ ਵਲੋਂ ਸਥਾਨਕ ਭਾਈਚਾਰਿਆਂ ਵਿਚ, ਘਰਾਂ ਵਿਚ ਅਤੇ ਉਨ੍ਹਾਂ ਦੀ ਬੋਲੀ ਵਿਚ ਦਿੱਤਾ ਜਾਵੇਗਾ। ਇਮਪੌਂਵਰ ਮੀ ਪ੍ਰੋਗਰਾਮ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੱਕ ਸੁਨੇਹੇ ਅਤੇ ਪ੍ਰੈਕਟਿਸਾਂ ਕਾਮਯਾਬੀ ਨਾਲ ਪਹੁੰਚਾ-ਉਣ ਵਿਚ ਸਿਟੀ ਦੀ ਮਦਦ ਕਰੇਗਾ, ਅਤੇ ਐਨਰਜੀ-ਸਮਰੱਥਾ, ਜਲਵਾਯੂ ਐਕਸ਼ਨ ਅਤੇ ਹੋਰ ਮਹੱਤਵਪੂਰਨ ਮਿਉਂਨਿਸਪਲ ਸਰਗਰਮੀਆਂ ਦੇਣ ਵਿਚ ਨਿਰੱਪਖਤਾ ਨੂੰ ਯਕੀਨੀ ਬਣਾਏਗਾ।

---



## ਇਮਪਾਵਰ ਮੀ ਅਤੇ ਸਿਟੀ

ਇਮਪਾਵਰ ਮੀ ਸਿਟੀ ਦੀ ਇਨ੍ਹਾਂ ਵਿਚ ਮਦਦ ਕਰੇਗਾ:

- ਨਿਊ ਵੈਸਟ ਵਿਚ ਰਵਾਇਤੀ ਤੌਂਰ `ਤੇ ਪਹੁੰਚ ਤੋਂ ਪਰੇ ਭਾਈਚਾਰਿਆਂ ਨੂੰ ਪ੍ਰੋਗਰਾਮਾਂ, ਨੀਤੀਆਂ, ਅਤੇ ਸੇਵਾਵਾਂ ਬਾਰੇ ਜਾਣਕਾਰੀ ਦੇਣ ਲਈ **ਸ਼ਮੂਲੀਅਤ ਵਿਚ ਵਾਧਾ** ਕਰੇਗਾ |
- ਸਿਟੀ ਦੇ ਉੱਦਮਾਂ ਅਤੇ ਜੁਗਤੀ ਤਰਜੀਹਾਂ ਬਾਰੇ ਵੱਡੇ ਪੱਧਰ `ਤੇ ਜਾਣਕਾਰੀ ਦੇਣ ਲਈ **ਸਥਾਨਕ ਵਸਨੀਕਾਂ ਨਾਲ ਨਵੇਂ ਸੰਬੰਧ ਵਿਕਸਤ** ਕਰੇਗਾ |
- ਜ਼ਿਆਦਾ ਸ਼ਮੂਲੀਅਤ ਅਤੇ ਨਿਰਪੱਖਤਾ ਵਿਚ ਮਦਦ ਕਰਨ ਲਈ ਸਿਟੀ ਦੀਆਂ ਸੇਵਾਵਾਂ, ਪ੍ਰੋਗਰਾਮਾਂ ਦੇ ਉੱਦਮਾਂ ਅਤੇ ਛੋਟਾਂ ਤੱਕ **ਬਿਹਤਰ ਪਹੁੰਚ ਪ੍ਰਦਾਨ** ਕਰੇਗਾ |

# ਇਮਪਾਵਰ ਮੀ ਅਤੇ ਸਥਾਨਕ ਭਾਈਚਾਰੇ

ਇਮਪਾਵਰ ਮੀ ਇਹ ਪ੍ਰਦਾਨ ਕਰਕੇ ਸਾਡੇ ਸਥਾਨਕ ਭਾਈਚਾਰਿਆਂ ਦੀ ਮਦਦ ਕਰੇਗਾ:

**ਇਸ ਚੀਜ਼ ਬਾਰੇ ਨਿੱਜੀ ਸਲਾਹ ਕਿ ਘਰਾਂ ਨੂੰ ਸੁਰੱਖਿਅਤ ਕਿਵੇਂ ਬਣਾਉਣਾ ਹੈ ਅਤੇ ਐਨਰਜੀ ਦੇ ਬਿੱਲ ਕਿਵੇਂ ਘਟਾਉਣੇ ਹਨ**

**ਕਈ ਬੋਲੀਆਂ ਵਿਚ ਸਿੱਖਿਆ ਅਤੇ ਜਾਣਕਾਰੀ ਦੇਣ ਵਾਲੀਆਂ ਵਰਕਸ਼ਾਪਾਂ**

**ਇਸ ਚੀਜ਼ ਬਾਰੇ ਜਾਣਕਾਰੀ ਕਿ ਸਰਕਾਰੀ ਪ੍ਰੋਗਰਾਮਾਂ ਅਤੇ ਛੋਟਾਂ ਦਾ ਫਾਇਦਾ ਕਿਵੇਂ ਲੈਣਾ ਹੈ**

## 2021ਦੇ ਪ੍ਰੋਗਰਾਮ ਅਤੇ ਵਰਕਸ਼ਾਪਾਂ

ਇਮਪਾਵਰ ਮੀ ਸਾਲ 2021 ਵਿਚ ਸਿਟੀ ਦੀ ਮਦਦ ਕਰਨ ਲਈ ਔਨਲਾਈਨ ਵਰਕਸ਼ਾਪਾਂ ਦੀ ਲੜੀ ਚਲਾਏਗਾ ਅਤੇ ਲੋਕਲ ਪ੍ਰੋਗਰਾਮਾਂ ਵਿਚ ਹਿੱਸਾ ਲਵੇਗਾ। ਪ੍ਰੋਗਰਾਮ ਹਿੱਸਾ ਲੈਣ ਵਾਲੇ ਦੀ ਮਾਂ ਬੋਲੀ ਵਿਚ ਦਿੱਤਾ ਜਾਵੇਗਾ ਅਤੇ ਇਨ੍ਹਾਂ ਖੇਤਰਾਂ `ਤੇ ਧਿਆਨ ਕੇਂਦਰਿਤ ਕਰੇਗਾ:

- ਘਰ ਵਿਚ ਐਨਰਜੀ ਦੀ ਵਰਤੋਂ ਬਾਰੇ ਸਮਝ ਵਧਾਉਣਾ ਅਤੇ ਪ੍ਰੈਕਟੀਕਲ ਹੱਲ ਪ੍ਰਦਾਨ ਕਰਨਾ ਜਿਹੜੇ ਐਨਰਜੀ ਅਤੇ ਪੈਸੇ ਬਚਾਉਣ ਲਈ ਤਿਆਰ ਕੀਤੇ ਗਏ ਹਨ।
- ਸਥਾਨਕ ਵਸਨੀਕਾਂ ਨੂੰ ਊਰਜਾ ਬਚਾਓ ਨਿਊ ਵੈਸਟ (Energy Save New West) ਪ੍ਰੋਗਰਾਮ ਨਾਲ ਜੋੜਨਾ, ਪੇਸ਼ਕਸ਼ਾਂ ਦੁਆਰਾ ਘਰ ਵਿਚ ਐਨਰਜੀ ਦੀ ਸਮਰੱਥਾ ਵਿਚ ਸੁਧਾਰ ਕਰਨਾ ਅਤੇ ਵਾਤਾਵਰਣ `ਤੇ ਅਸਰਾਂ ਨੂੰ ਘਟਾਉਣ ਲਈ ਹੱਲਾਸ਼ੇਰੀਆਂ ਅਤੇ ਛੋਟਾਂ ਸ਼ਾਮਲ ਹਨ।
- ਸਿਟੀ ਦੀਆਂ ਸੇਵਾਵਾਂ ਅਤੇ ਜਲਵਾਯੂ ਦੇ ਸੰਬੰਧ ਵਿਚ ਐਕਸ਼ਨ ਬਾਰੇ ਪ੍ਰੋਗਰਾਮਾਂ ਦੀ ਜਾਣਕਾਰੀ ਵਧਾਉਣਾ।

**ਸਾਰੀਆਂ ਇਮਪਾਵਰ ਮੀ ਵਰਕਸ਼ਾਪਾਂ ਅਤੇ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਮੁਫਤ ਹੈ ਅਤੇ ਇਸ ਵੇਲੇ ਇਹ ਮੈਂਡਾਰਿਨ, ਕੈਂਟੋਨੀਜ਼, ਪੰਜਾਬੀ, ਹਿੰਦੀ, ਟੈਗਾਲੌਗ, ਅਰਬੀ ਅਤੇ ਫਾਰਸੀ ਵਿਚ ਪੇਸ਼ ਕੀਤੇ ਜਾ ਰਹੇ ਹਨ।**

### ਐਨਰਜੀ ਬਚਾਉਣ ਵਾਲੇ ਪ੍ਰੋਗਰਾਮਾਂ ਬਾਰੇ ਆਪਣੀ ਬੋਲੀ ਵਿਚ ਮਦਦ ਲਉ।

ਕਿਸੇ ਨਾਲ ਗੱਲ ਕਰੋ



## ਸ਼ਾਮਲ ਕਿਵੇਂ ਹੋਣਾ ਹੈ

ਆ ਰਹੇ ਪ੍ਰੋਗਰਾਮਾਂ ਅਤੇ ਵਰਕਸ਼ਾਪਾਂ ਬਾਰੇ ਜ਼ਿਆਦਾ ਜਾਣਨ ਲਈ ਅਤੇ ਜ਼ਿਆਦਾ ਜਾਣਕਾਰੀ ਲਈ:

(604) 307- 8428 ਨੂੰ ਫੋਨ ਕਰੋ

ਇਮਪਾਵਰ ਮੀ ਦੇ ਵੈੱਬਸਾਈਟ `ਤੇ ਜਾਉ

ਈਮੇਲ info@empowerme.ca